To

The Executive Officer,
M.C. Zirakpur.

Sir,

We beg to state that following few lines for your kind consideration and favourable action please.

That work of sewerage pipe line in our village Dialpura has already been completed since last year except our two gallies. We have so may times requested to our MC. But no action has been taken by the MC of the Village, because we have not given votes to him.

For this purpose we met three times to the MLA of the area in his office but in vain. Sir, two gallies are left in the village, whereas sewerage line has been laid in the out side of the village Feerni.

It is therefore, requested that the sewerage line may please be laid two streets which are left intenderly which by the MC of the village Dialpura.

Thanking you,

Yours faithfully,

(Hony) Sub/Maj Narinder Singh
and others.

Sukhdev

ਵੱਲੋਂ :-

(1) (H) ਸੂਬੇਦਾਰ ਮੇਜਰ ਨਰਿੰਦਰ ਸਿੰਘ,
(2) ਨੈਕ : ਜੋਗਿੰਦਰ ਸਿੰਘ,
(3) ਨੈਕ : ਭੁਪਿੰਦਰ ਸਿੰਘ,
ਵਾਸਆਨ ਪਿੰਡ ਦਿਆਲਪੁਰਾ, ਜ਼ਿਲ੍ਹਾ ਮੋਹਾਲੀ।

ਸੇਵਾ ਵਿਖੇ,
ਨਵਜੋਤ ਸਿੰਘ ਸਿੱਧੂ
ਸਥਾਨਕ ਸਰਕਾਰਾਂ ਮੰਤਰੀ।

**ਵਿਸ਼ਾ :- ਸਿਵਰੇਜ਼ ਪਾਈਪ ਲਾਈਨ/ਰੇਨ ਵਾਟਰ ਪਾਈਪ/ਫ੍ਰੈਂਸੀ ਟਾਈਲਾਂ।**

ਸ੍ਰੀਮਾਨ ਜੀ,

ਸਾਡਾ ਪਿੰਡ ਜ਼ੀਰਕਪੁਰ ਕਮੇਟੀ ਦੇ ਅੰਦਰ ਪੈਂਦਾ ਹੈ। ਪਿੰਡ ਵਿੱਚ ਤਿੰਨ ਸਾਲ ਪਹਿਲਾਂ ਸਿਵਰੇਜ਼ ਲਾਈਨ ਕਮੇਟੀ ਵੱਲੋਂ ਪਾਈ ਗਈ ਅਤੇ ਚਾਲੂ ਕੀਤੀ ਗਈ। ਸਿਵਰੇਜ਼ ਲਾਈਨ ਪਿੰਡ ਦੀ ਫਿਰਨੀ ਤੋਂ ਬਾਹਰ ਵੀ ਪਾਈ ਗਈ ਸੀ, ਪਰੰਤੂ ਸਾਡੇ ਦੋ ਗਲੀਆਂ ਨਾਲ ਭੇਦ ਭਾਵ ਰੱਖਿਆ ਗਿਆ, ਕਿਉਂਕਿ ਅਸੀਂ ਐਮ.ਸੀ. ਨੂੰ ਵੋਟਾਂ ਨਹੀਂ ਪਾਈਆਂ ਸਨ। ਇਸਦੇ ਬਾਰੇ ਜ਼ੀਰਕਪੁਰ ਕਮੇਟੀ ਦੇ ਦਫ਼ਤਰ ਪਿਛਲੇ ਸਾਲ ਮਈ ਦੇ ਮਹੀਨੇ ਵਿੱਚ ਅਰਜ਼ੀ ਵੀ ਦਿੱਤੀ ਸੀ। (ਕਾਪੀ ਨੱਥੀ ਹੈ), ਪ੍ਰੰਤੂ ਸਾਨੂੰ ਲਾਰਿਆਂ ਤੋਂ ਬਿਨਾਂ ਕੁਝ ਨਹੀਂ ਮਿਲਿਆ। ਕਮੇਟੀ ਦਫ਼ਤਰ ਦੇ ਚੱਕਰ ਕੱਟ-ਕੱਟ ਕੇ ਅਸੀਂ ਥੱਕ ਗਏ ਹਨ। ਸਾਨੂੰ ਸ਼ੱਕ ਹੈ ਕਿ ਸਾਡੀ ਗਲੀਆਂ ਕਾਗਜ਼ਾਂ ਵਿੱਚ ਬਣ ਗਈਆਂ ਹਨ। ਇਸ ਦੀ ਇਨਕੁਆਰੀ ਕਰਵਾਈ ਜਾਵੇ ਜੀ।

ਸਰਕਾਰ ਬਦਲੀ ਹੋਣ ਤੋਂ ਬਾਅਦ ਸਾਨੂੰ ਨਵੀਂ ਸਰਕਾਰ ਤੋਂ ਕੁਝ ਆਸ ਬਣੀ ਸੀ, ਪ੍ਰੰਤੂ ਇਸ ਸਰਕਾਰ ਨੂੰ ਵੀ 15 ਮਹੀਨੇ ਹੋ ਗਏ ਹਨ, ਅਜੇ ਤੱਕ ਕੋਈ ਕਦਮ ਨਹੀਂ ਚੁੱਕਿਆ।

ਸ੍ਰੀਮਾਨ ਜੀ ਇਸ ਤੋਂ ਇਲਾਵਾ ਪਿੰਡ ਦੇ ਬਜ਼ੁਰਗਾਂ ਦੇ ਬੈਠਣ ਲਈ ਬੈਂਚ ਲਾਏ ਹਨ, ਪ੍ਰੰਤੂ ਸਾਡੇ ਵਾਲੀ ਸਾਈਡ ਉਹ ਵੀ ਨਹੀਂ ਰੱਖੇ ਗਏ ਤੇ ਸਾਡੀ ਗਲੀ ਵਿੱਚ ਸਫ਼ਾਈ ਵਾਲਾ ਵੀ 2 ਮਹੀਨੇ ਬਾਅਦ 1 ਚੱਕਰ ਲਾਉਂਦਾ ਹੈ। ਅਸੀਂ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਬਰਸਾਤ ਤੋਂ ਪਹਿਲਾਂ ਸਿਵਰੇਜ਼ ਪਾਈਪ ਅਤੇ ਮੀਂਹ ਦੇ ਪਾਣੀ ਦਾ ਬੰਦੋਬਸਤ ਕੀਤਾ ਜਾਵੇ ਜੀ, ਕਿਉਂਕਿ ਸੜਕ ਉੱਚੀ ਹੋ ਗਈ ਹੈ ਤੇ ਗਲੀਆਂ ਨੀਵੀਆਂ ਰਹਿ ਗਈਆਂ ਹਨ।

ਧੰਨਵਾਦ ਸਹਿਤ,

Surinder Singh
Hardeep Singh
Jatinder Singh
Amarjit Singh

ਆਪ ਜੀ ਦੇ ਵਿਸ਼ਵਾਸਪਾਤਰ,

N Singh
(H) ਸੂਬੇਦਾਰ ਮੇਜਰ ਨਰਿੰਦਰ ਸਿੰਘ,

ਨੈਕ : ਜੋਗਿੰਦਰ ਸਿੰਘ, Joginder Singh

ਨੈਕ : ਭੁਪਿੰਦਰ ਸਿੰਘ,

Harbhajan Singh

ਕਾਪੀ ਟੂ :
1. ਡਿਪਟੀ ਕਮਿਸ਼ਨਰ ਸਾਹਿਬ ਮੋਹਾਲੀ।
2. ਕਾਰਜ ਸਾਧਕ ਅਫ਼ਸਰ, ਮਿਉਂਸੀਪਲ ਕਾਰਪੋਰੇਸ਼ਨ ਜ਼ੀਰਕਪੁਰ।
3. ਇਲਾਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ, ਜ਼ੀਰਕਪੁਰ।

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ. ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।

ਪਿੱਠ ਅੰਕਣ ਨੰ: ਪਵਸਸਬ-2018/ਵ-3/ 12286 ਮਿਤੀ: 10.7.18

ਉਪਰੋਕਤ ਦੀ ਨਕਲ ਸਮੇਤ ਸਹਿੱਲਗ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਉਸ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ ।

ਨੱਥੀ/ਉਕਤ ਅਨੁਸਾਰ

9/7

ਕਾਰਜਕਾਰੀ ਇੰਜੀਨੀਅਰ (ਵ)